ਵੱਲੋ,

ਸਿਵਲ ਸਰਜਨ,
ਮਾਨਸਾ।

ਵੱਲ,

ਜਿਲ੍ਹਾ ਸਿੱਖਿਆ ਅਫਸਰ,
ਐਲੀਮੈਂਟਰੀ/ਸੈਕੰਡਰੀ ਮਾਨਸਾ।

ਨੰ:- ਏਪੀਆਈ/ਹ/18/472-473 ਮਿਤੀ- 01/08/18

ਵਿਸ਼ਾ- **ਮੀਜਲ ਰੁਬੇਲਾ ਟੀਕਾਕਰਨ ਮੁੰਕਮਲ ਹੋਣ ਸਬੰਧੀ ਸਰਟੀਫਿਕੇਟ ਦੇਣ ਬਾਰੇ।**

ਉਪਰੋਕਤ ਵਿਸ਼ੇ ਸਬੰਧੀ ਆਪਜੀ ਨੂੰ ਦੱਸਿਆ ਜਾਂਦਾ ਹੈ ਕਿ ਆਪ ਅਧੀਨ ਸਮੂਹ ਸਰਕਾਰੀ, ਅਰਧ ਸਰਕਾਰੀ, ਪ੍ਰਾਈਵੇਟ ਸਕੂਲਾਂ ਵਿੱਚ ਸਿਹਤ ਵਿਭਾਗ ਵੱਲੋ ਮੀਜ਼ਲ ਰੁਬੇਲਾ ਦਾ ਟੀਕਾਕਰਨ ਕੀਤਾ ਗਿਆ ਸੀ। ਇਸ ਸਬੰਧੀ ਆਪਜੀ ਨੂੰ ਲਿਖਿਆ ਜਾਂਦਾ ਹੈ ਕਿ ਜਿਨ੍ਹਾ ਸਕੂਲਾਂ ਵਿਚ 100 ਪ੍ਰਤੀਸ਼ਤ ਮੀਜ਼ਲ ਰੁਬੇਲਾ ਟੀਕਾਕਰਨ ਹੋ ਚੁੱਕਾ ਹੈ, ਉਹਨਾਂ ਸਕੂਲਾਂ ਦੇ ਮੁੱਖੀਆਂ ਤੋਂ ਮੀਜ਼ਲ ਰੁਬੇਲਾ ਟੀਕਾਕਰਨ 100 ਪ੍ਰਤੀਸ਼ਤ ਮੁੰਕਮਲ ਹੋਣ ਦਾ ਸਰਟੀਫਿਕੇਟ ਇਸ ਦਫਤਰ ਨੂੰ ਭੇਜਿਆ ਜਾਵੇ ਅਤੇ ਜਿਨ੍ਹਾਂ ਸਕੂਲਾਂ ਵਿੱਚ ਕੁੱਝ ਬੱਚੇ ਇਸ ਟੀਕਾਕਰਨ ਤੋ ਵਾਂਝੇ ਰਹਿੰਦੇ ਹਨ, ਦੀਆਂ ਲਿਸ਼ਟਾਂ ਬਣਾਕੇ ਅਤੇ ਟੀਕਾਕਰਨ ਦਾ ਦਿਨ ਨਿਸ਼ਿਚਤ ਕਰਕੇ ਮਿਤੀ 03-08-2018 ਤੱਕ ਇਸ ਦਫਤਰ ਨੂੰ ਭੇਜਣ ਲਈ ਆਪ ਵੱਲੋ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਵੇ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ, ਕਿਉਂਕਿ ਇਹ ਨੈਸ਼ਨਲ ਪ੍ਰੋਗਰਾਮ ਹੈ, ਇਸ ਪ੍ਰੋਗਰਾਮ ਅਧੀਨ 100 ਪ੍ਰਤੀਸ਼ਤ ਟੀਕਾਕਰਨ ਹੋਣਾ ਜਰੂਰੀ ਹੈ।

04/8/18
ਸਿਵਲ ਸਰਜਨ,
ਮਾਨਸਾ।

ਪਿੱਠ ਅੰਕਣ ਨੰ:- ਮਿਤੀ-
ਉਤਾਰਾ- ਡਿਪਟੀ ਕਮਿਸ਼ਨਰ ਮਾਨਸਾ ਜੀ ਨੂੰ ਜਰੂਰੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

sd/-
ਸਿਵਲ ਸਰਜਨ,
ਮਾਨਸਾ।

[illegible] 08/08/18

[illegible]

ਦਫਤਰ, ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਮਾਨਸਾ।
ਪਿੱਠ ਅੰਕਣ ਨੰਬਰ- ਜਨਰਲ (1) 2018-19/ 5078 ਮਿਤੀ- 01/08/18

ਉਪਰੋਕਤ ਪੱਤਰ ਸਮੂਹ ਸਕੂਲ ਮੁਖੀ (ਸਸਸ/ ਸਹਸ/ ਸਮਸ/ ਪ੍ਰਾਈਵੇਟ ਏਡਿਡ ਸਕੂਲ/ ਪ੍ਰਾਈਵੇਟ ਸਕੂਲ] ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਜਿਨ੍ਹਾਂ ਸਕੂਲਾਂ ਦੇ 100% ਵਿਦਿਆਰਥੀਆਂ ਦਾ ਟੀਕਾਕਰਨ ਹੋ ਚੁੱਕਾ ਹੈ ਉਹ ਇਸ ਸਬੰਧੀ ਸਰਟੀਫਿਕੇਟ ਦੇਣ। ਜਿਨ੍ਹਾਂ ਸਕੂਲਾਂ ਵਿਚ 100% ਟੀਕਾਕਰਨ ਨਹੀਂ ਹੋਇਆ ਉਹ ਬਕਾਇਆ ਵਿਦਿਆਰਥੀਆਂ ਦੇ ਟੀਕੇ ਲਗਵਾਉਣ ਅਤੇ ਇਸ ਦਫਤਰ ਨੂੰ ਲਿਖਤੀ ਰੂਪ ਵਿਚ ਭੇਜਣ। ਟੀਕਾ ਲਗਵਾਉਣ ਦੀ ਮਿਤੀ ਸਕੂਲ ਮੁਖੀ ਖੁਦ ਤੈਅ ਕਰਕੇ ਵਿਭਾਗ ਭੇਜਣ ਤਾਂ ਜੋ ਟੀਮ ਸਕੂਲ ਵਿਚ ਨਿਸ਼ਚਿਤ ਸਮੇਂ ਤੇ ਆ ਸਕੇ। ਇਸ ਨੂੰ ਪਹਿਲ ਅਧਾਰ ਦਿੱਤੀ ਜਾਵੇ। ਮਿਤੀ 03/08/18 ਤੇ ਪੂਰਤੀ ਯਕੀਨੀ ਕਰੋ।

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਮਾਨਸਾ।